# ਕੁਟੇਸ਼ਨ ਲਈ ਸੱਦਾ

ਵਲੋਂ

ਪ੍ਰਿੰਸੀਪਲ,
ਸਰਕਾਰੀ ਰਣਬੀਰ ਕਾਲਜ,
ਸੰਗਰੂਰ ।

ਨੰਬਰ......1695..............  ਮਿਤੀ 19.09.2026

ਕਿਰਪਾ ਕਰਕੇ ਇਸ ਪੱਤਰ ਦੇ ਪਿੱਛੇ ਛਪੀਆਂ ਸ਼ਰਤਾਂ ਅਨੁਸਾਰ ਹੇਠ ਲਿਖੀਆਂ ਵਸਤਾਂ ਦੀ ਘੱਟੋ-ਘੱਟ ਕੀਮਤ ਅੰਕਿਤ ਕਰਨ ਦੀ ਖੇਚਲ ਕਰਨੀ ਜੀ। ਇਹ ਕੁਟੇਸ਼ਨਾਂ ਕਾਲਜ ਦਫ਼ਤਰ ਵਿਖੇ ਮਿਤੀ **24.09.2026** ਸਵੇਰ **11:00** ਵਜੇ ਤਕ ਸੀਲਬੰਦ ਲਿਫਾਫਿਆਂ ਵਿੱਚ **ਪ੍ਰਿੰਸੀਪਲ ਸਰਕਾਰੀ ਰਣਬੀਰ ਕਾਲਜ, ਸੰਗਰੂਰ** ਦੇ ਪਤੇ 'ਤੇ ਹਰ ਹਾਲਤ ਵਿੱਚ ਪੁੱਜਣੀਆਂ ਚਾਹੀਦੀਆਂ ਹਨ। ਪਿੱਛੇ ਦਿੱਤੀਆਂ ਗਈਆਂ ਸ਼ਰਤਾਂ ਪੂਰੀਆਂ ਨਾ ਹੋਣ ਦੀ ਸੂਰਤ ਵਿੱਚ ਆਪ ਜੀ ਦੁਆਰਾ ਭੇਜੀਆਂ ਕੁਟੇਸ਼ਨਾਂ ਤੇ ਵਿਚਾਰ ਨਹੀ ਕੀਤਾ ਜਾਵੇਗਾ। ਕੀਮਤਾਂ ਅੰਕਿਤ ਕੀਤੀਆਂ ਜਾਣ ਵਾਲੀਆਂ ਵਸਤਾਂ ਦਾ ਵੇਰਵਾ ਇਸ ਪ੍ਰਕਾਰ ਹੈ :

| ਲੜੀ ਨੰ | ਸਮਾਨ ਦਾ ਵੇਰਵਾ |
|---|---|
| 1 | **MST ਲਈ ਪ੍ਰਿੰਟਿਡ ਉਤਰ ਕਾਪਿਆਂ** (ਪ੍ਰਤੀ ਕਾਪੀ 4 ਪੇਜ) |

19/9/2026

ਪ੍ਰਿੰਸੀਪਲ,
ਸਰਕਾਰੀ ਰਣਬੀਰ ਕਾਲਜ
ਸੰਗਰੂਰ

Nitish Arora
19/9/26

# ਨਿਯਮ ਅਤੇ ਸ਼ਰਤਾਂ

1. ਮੰਗੀਆਂ ਗਈਆਂ ਕੁਟੇਸ਼ਨਾਂ ਨਾਲ ਸੰਬੰਧਿਤ ਸਮਾਨ/ਵਸਤਾਂ ਕਾਲਜ ਵਿੱਚ ਸੁਰੱਖਿਅਤ ਰੂਪ ਵਿੱਚ ਪਹੁੰਚਾਣ ਦੀ ਜ਼ਿੰਮੇਵਾਰੀ ਸੰਬੰਧਿਤ ਫਰਮ ਦੀ ਹੋਵੇਗੀ ਅਤੇ ਇਸਦਾ ਖਰਚਾ ਅੰਕਿਤ ਕੀਮਤ ਵਿੱਚ ਸ਼ਾਮਲ ਹੋਵੇਗਾ।
2. ਜੇ ਕਿਸੇ ਵਸਤੂ ਦੀ ਖਾਸ ਵਿਸ਼ੇਸ਼ਤਾ ਦੀ ਮੰਗ ਰੱਖੀ ਗਈ ਅਤੇ ਸਪਲਾਇਰ ਵਲੋਂ ਵਸਤ/ਮਾਲ ਦੀਆਂ ਵਿਸ਼ੇਸ਼ਤਾਵਾਂ ਅੰਕਿਤ ਕਰਨ ਉਪਰੰਤ ਉਸਦਾ ਨਮੂਨਾ ਆਪਣੇ ਦਸਖਤਾਂ ਅਤੇ ਮੁਹਰ ਸਮੇਤ ਭੇਜੋ |
3. ਕੁਟੇਸ਼ਨਾਂ ਪੂਰਨ ਜਾਂ ਅੰਸ਼ਿਕ ਰੂਪ ਵਿੱਚ ਪ੍ਰਵਾਨ ਕੀਤੀਆਂ ਜਾ ਸਕਦੀਆਂ ਹਨ।
4. ਜੇ ਸੰਬੰਧਿਤ ਵਸਤੂ ਦੀ ਕੀਮਤ ਸਰਕਾਰ ਦੇ ਕੰਟਰੋਲ ਹੇਠ ਹੋਵੇ ਤਾਂ ਸਰਕਾਰੀ ਅਤੇ ਨਿੱਜੀ ਰੇਟ ਦੋਵਾਂ ਵਿਚੋਂ ਜਿਹੜਾ ਵੀ ਘੱਟ ਹੋਵੇਗਾ, ਪ੍ਰਵਾਨ ਯੋਗ ਹੋਵੇਗਾ।
5. ਨਿਸ਼ਚਿਤ ਮਿਤੀ ਤੋਂ ਬਾਅਦ ਪੁੱਜੀਆਂ ਅਤੇ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ ਕੁਟੇਸ਼ਨਾਂ ਆਯੋਗ ਮੰਨੀਆਂ ਜਾਣਗੀਆਂ।
6. ਕੁਟੇਸ਼ਨ ਦੀ ਪ੍ਰਵਾਨਗੀ ਉਪਰੰਤ  ਨਿਸ਼ਚਿਤ ਸਮੇਂ ਦੇ ਵਿੱਚ ਹੀ ਸਪਲਾਈ ਕਰਨੀ ਪਵੇਗੀ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਫਰਮ ਦਾ ਨਾਮ ਸੂਚੀ ਵਿੱਚੋਂ ਕੱਢ ਦਿੱਤਾ ਜਾਵੇਗਾ।
7. ਕਿਸੇ ਵੀ ਵਸਤੂ / ਸਮਾਨ ਦੀ ਕੁਆਲਟੀ ਸਹੀ ਨਾ ਹੋਣ ਦੀ ਸੂਰਤ ਵਿੱਚ ਪ੍ਰਿੰਸੀਪਲ ਨੂੰ ਅਧਿਕਾਰ ਹੈ ਕਿ ਉਹ ਕਿਸੇ ਪੂਰੀ ਜਾਂ ਅੰਸ਼ਿਕ ਅਦਾਇਗੀ ਨੂੰ ਰੋਕ ਸਕਦਾ ਹੈ।
8. ਆਪ ਜੀ ਵਲੋਂ ਦਿੱਤੇ ਗਏ ਇਹ ਰੇਟ ਕੁਟੇਸ਼ਨ ਦੀ ਮਿਤੀ ਤੋਂ 6 ਮਹੀਨੇ ਤੱਕ ਪ੍ਰਵਾਨਿਤ ਹੋਣਗੇ।
9. ਨਿਸ਼ਚਿਤ ਸਮੇਂ ਵਿੱਚ ਸਪਲਾਈ ਨਹੀ ਹੁੰਦੀ ਤਾਂ ਪ੍ਰਿੰਸੀਪਲ ਨੂੰ ਅਧਿਕਾਰ ਹੈ ਕਿ ਉਹ ਤੁਹਾਡੇ ਜ਼ੋਖਮ ਨੂੰ ਨਜ਼ਰ ਅੰਦਾਜ਼ ਕਰਕੇ ਕਿਤੋਂ ਹੋਰ ਖਰੀਦ ਕਰ ਸਕੇਗਾ।

Scanned with OKEN Scanner